ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ ਚੰਡੀਗੜ੍ਹ।
(ਕੋਆਰਡੀਨੇਸ਼ਨ ਸੈਲ)

ਸੇਵਾ ਵਿਖੇ

1. ਮੰਡਲ ਸਿੱਖਿਆ ਅਫਸਰ (ਨਾਭਾ,ਜਲੰਧਰ ਅਤੇ ਫਰੀਦਕੋਟ)
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐ.ਸਿ)

ਮੀਮੋ ਨੰ: 15/51-12 ਸੈ 2.ਕੋ.ਸੈਲ (1)/68
ਮਿਤੀ:- 07-02-2013

ਵਿਸ਼ਾ - ਸਿੱਖਿਆ ਵਿਭਾਗ ਵਿੱਚ ਸਰਕਾਰੀ ਇਸਤਰੀ ਕਰਮਚਾਰਨਾਂ ਨੂੰ ਚਾਈਲਡ ਕੇਅਰ ਲੀਵ ਸਬੰਧੀ।

ਹਵਾਲਾ:- ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਦੇ ਪੱਤਰ ਨੰ: 6/26/2011-6ਪੀ.ਪੀ.3/2046 ਮਿਤੀ 22-12-2011 ਅਤੇ 6/26/2011-6ਪੀ.ਪੀ.3/1276 ਮਿਤੀ 08-08-2012 ( ਕਾਪੀਆਂ ਨੱਥੀ)

1. ਹਵਾਲਾ ਅਧੀਨ ਪੱਤਰਾਂ, ਜਿਨ੍ਹਾਂ ਦੀ ਕਾਪੀ ਆਪ ਸਭ ਨੂੰ ਤਾਜਾ ਜਾਣਕਾਰੀ ਲਈ ਮੁੜ ਭੇਜੀ ਜਾ ਰਹੀ ਹੈ, ਦੀ ਲਗਾਤਾਰਤਾ ਵਿੱਚ ਦੱਸਿਆ ਜਾਂਦਾ ਹੈ ਕਿ ਸਕੂਲੀ ਬੱਚਿਆਂ ਦੀ ਪੜ੍ਹਾਈ ਨੂੰ ਮੱਦੇ ਨਜਰ ਰੱਖਦੇ ਹੋਏ ਸਰਕਾਰ ਦੇ ਉਕਤ ਪੱਤਰ ਨੰ: 6/26/2011-6ਪੀ.ਪੀ.3/2046 ਮਿਤੀ 22-12-2011 ਵਿੱਚ ਅੰਕਿਤ ਪ੍ਰਆਇੰਟ ਨੰ (ਸ) ਦੇ ਵਿਰੁੱਧ ਸਿੱਖਿਆ ਵਿਭਾਗ ਵਿੱਚ ਕੰਮ ਕਰਦੀਆਂ ਸਰਕਾਰੀ ਇਸਤਰੀ ਕਰਮਚਾਰਨਾਂ ਲਈ ਕੁਝ ਵਿਸ਼ੇਸ਼ ਨਾਰਮਜ ਨਿਸਚਿਤ ਕੀਤੇ ਗਏ ਹਨ ਜੋ ਹੇਠ ਅਨੁਸਾਰ ਹਨ:

(i) ਸਿੱਖਿਆ ਵਿਭਾਗ ਵਿੱਚ ਕੰਮ ਕਰਦੀਆਂ ਇਸਤਰੀ ਅਧਿਆਪਕਾਵਾਂ/ਕਰਮਚਾਰਨਾਂ ਨੂੰ ਚਾਈਲਡ ਕੇਅਰ ਲੀਵ ਇੱਕ ਕੈਲੰਡਰ ਸਾਲ ਵਿੱਚ ਦੋ ਵਾਰ ਅਤੇ ਵੱਧ ਤੋਂ ਵੱਧ 3 ਮਹੀਨੇ ਲਈ ਹੀ ਸਕੂਲ/ਦਫਤਰ ਵਿੱਚ ਬਦਲਵਾਂ ਪ੍ਰਬੰਧ ਹੋਣ ਦੀ ਸ਼ਰਤ ਵਿੱਚ ਹੀ ਦਿੱਤੀ ਜਾਵੇਗੀ।

(ii) ਦਸੰਬਰ, ਜਨਵਰੀ ਅਤੇ ਫਰਵਰੀ ਮਹੀਨੇ ਵਿੱਚ ਇਹ ਛੁੱਟੀ ਲੈਣ ਤੇ ਬਿਲਕੁਲ ਪਾਬੰਦੀ ਲਗਾਈ ਜਾਵੇਗੀ।

(iii) ਇਹ ਛੁੱਟੀ ਹੇਠ ਅਨੁਸਾਰ ਸਮਰਥ ਅਧਿਕਾਰੀ ਵੱਲੋਂ ਪ੍ਰਵਾਨ ਕੀਤੀ ਜਾਵੇਗੀ:-

| | |
|---|---|
| ਮਾਨਯੋਗ ਮੁੱਖ ਮੰਤਰੀ ਜੀ | ਤਿੰਨ ਮਹੀਨੇ ਤੋਂ ਉਪਰ |
| ਮਾਨਯੋਗ ਸਿੱਖਿਆ ਮੰਤਰੀ ਜੀ | ਤਿੰਨ ਮਹੀਨੇ |
| ਸਕੱਤਰ ਸਕੂਲ ਸਿੱਖਿਆ | ਇਕ ਮਹੀਨਾ |
| ਡੀ.ਪੀ.ਆਈ (ਸੈਸਿ/ਐ.ਸਿ) | 15 ਦਿਨ |

2. ਚਾਈਲਡ ਕੇਅਰ ਲੀਵ ਸਬੰਧੀ ਬਾਕੀ ਸਾਰੀਆਂ ਹਦਾਇਤਾਂ ਹਵਾਲੇ ਅਧੀਨ ਪੱਤਰਾਂ ਅਨੁਸਾਰ ਹੀ ਹੋਣਗੀਆਂ।

3. ਸਿੱਖਿਆ ਵਿਭਾਗ ਦੀਆਂ ਇਸਤਰੀ ਕਰਮਚਾਰਨਾਂ ਲਈ ਚਾਈਲਡ ਕੇਅਰ ਲੀਵ ਸਬੰਧੀ ਉਕਤ ਨਾਰਮਜ/ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

4. ਸਮੂਹ ਮੰਡਲ ਸਿੱਖਿਆ ਅਫਸਰ ਆਪਣੇ ਨਾਲ ਸਬੰਧਤ ਜਿ.ਸਿ.ਅਫਸਰਾਂ ਨੂੰ ਆਪਣੇ ਪੱਧਰ ਤੇ ਸੂਚਿਤ ਕਰਨਗੇ।

ਇੰਚਾਰਜ ਕੋਆਰਡੀਨੇਸ਼ਨ ਸੈਲ
ਦ.ਡੀ.ਪੀ.ਆਈ (ਸੈਸਿ) ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 07-02-2013

ਇਸਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2. ਡੀ.ਪੀ.ਆਈ (ਐ.ਸਿ), ਪੰਜਾਬ
3. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ
4. ਦਫਤਰ ਡੀ.ਪੀ.ਆਈ (ਸੈਸਿ) ਦੇ ਸਮੂਹ ਅਧਿਕਾਰੀ/ਸਾਖਾ ਮੁੱਖੀ
5. ਪੀ.ਏ/ਡੀ.ਪੀ.ਆਈ (ਸੈਸਿ)

ਇੰਚਾਰਜ ਕੋਆਰਡੀਨੇਸ਼ਨ ਸੈਲ
ਦ.ਡੀ.ਪੀ.ਆਈ (ਸੈਸਿ) ਪੰਜਾਬ